# ਖੇਡਾਂ ਕਿੱਦਾਂ ਕੰਮ ਕਰਦੀਆਂ ਹਨ

# ਰੁਲੈੱਟ

**ਸੁਗਲ ਬਣਾਈ ਰੱਖੋ।**
**ਖੇਡਣ ਤੋਂ ਪਹਿਲਾਂ ਸਿੱਖੋ ਕਿ ਖੇਡਾਂ ਕਿੱਦਾਂ ਕੰਮ ਕਰਦੀਆਂ ਹਨ।**

ਰੁਲੈੱਟ ਵ੍ਹੀਲ (ਪਹੀਏ) ’ਤੇ ਇਕ ਦੂਜੇ ਤੋਂ ਬਾਅਦ ਲਾਲ ਤੇ ਕਾਲੇ ਰੰਗਾਂ ਵਿੱਚ 1-36 ਤੱਕ ਨੰਬਰ ਹੁੰਦੇ ਹਨ ਅਤੇ ਉਹਨਾਂ ਦੇ ਨਾਲ 0 ਅਤੇ 00 ਹਰੇ ਰੰਗ ਦੇ ਹੁੰਦੇ ਹਨ। ਡੀਲਰ ਰੁਲੈੱਟ ਵ੍ਹੀਲ ਨੂੰ ਘੁਮਾਉਂਦਾ ਹੈ ਅਤੇ ਬਾਲ (ਗੇਂਦ) ਨੂੰ ਉਲਟ ਦਿਸ਼ਾ ਵਿਚ ਘੁਮਾਉਂਦਾ ਹੈ। ਜਿੱਤਣ ਵਾਸਤੇ ਜ਼ਰੂਰੀ ਹੈ ਕਿ ਤੁਸੀਂ ਦੱਸੋ ਕਿ ਬਾਲ ਕਿੱਥੇ ਰੁਕੇਗਾ।

ਸ਼ਰਤਾਂ ’ਕੱਲੇ ’ਕੱਲੇ ਨੰਬਰ ’ਤੇ ਜਾਂ ਨੰਬਰਾਂ ਦੇ ਜੁੱਟਾਂ ’ਤੇ ਲਾਈਆਂ ਜਾ ਸਕਦੀਆਂ ਹਨ। ਦਾਅ (ਬੈੱਟ) ਲਾਉਣ ਲਈ ਆਪਣੇ ਚਿੱਪ ਨੰਬਰਾਂ ਵਾਲੇ ਟੇਬਲ ’ਤੇ ਰੱਖੋ। ਅੰਦਰੂਨੀ ਸ਼ਰਤਾਂ ਕੀਮਤ ਰਹਿਤ ਚਿੱਪਾਂ ਨਾਲ ਲਾਈਆਂ ਜਾਂਦੀਆਂ ਹਨ ਜਿਹੜੇ ਤੁਹਾਨੂੰ ਸ਼ਰਤ ਲਾਉਣ ਤੋਂ ਪਹਿਲਾਂ ਡੀਲਰ ਕੋਲੋਂ ਖ਼ੀਦਣੇ ਪੈਂਦੇ ਹਨ। ਬਾਹਰੀ ਸ਼ਰਤਾਂ ਕੀਮਤ ਵਾਲੇ ਜਾਂ ਕੀਮਤ ਰਹਿਤ ਚਿੱਪਾਂ ਨਾਲ ਲਾਈਆਂ ਜਾਂਦੀਆਂ ਹਨ। ਬੈੱਟਾਂ ਉਦੋਂ ਤੱਕ ਲਾਈਆਂ ਜਾ ਸਕਦੀਆਂ ਹਨ ਜਦ ਤੱਕ ਡੀਲਰ “ਹੋਰ ਬੈੱਟਾਂ ਨਹੀਂ” ਦਾ ਐਲਾਨ ਨਾ ਕਰੇ।

ਜਦੋਂ ਇਕ ਵਾਰ ਬਾਲ ਰੁਕ ਜਾਵੇ, ਤਾਂ ਡੀਲਰ ਨੰਬਰ ਟੇਬਲ ’ਤੇ ਲਾ ਦਿੰਦਾ ਹੈ ਅਤੇ ਜੇਤੂ ਬੈੱਟਾਂ ਨੂੰ ਪੈਸੇ ਦੇ ਦਿੰਦਾ ਹੈ।

**ਅੰਦਰੂਨੀ ਸ਼ਰਤਾਂ (ਬੈੱਟਾਂ):**

**A.** ’ਕੱਲਾ ਨੰਬਰ (ਸਿੱਧਾ ਉੱਤੇ) 35:1 ਦੇ ਹਿਸਾਬ ਨਾਲ ਪੈਸੇ ਦਿੰਦਾ ਹੈ
**B.** ਦੋ ਨੰਬਰ (ਸਪਲਿੱਟ) 17:1 ਦੇ ਹਿਸਾਬ ਨਾਲ ਪੈਸੇ ਦਿੰਦਾ ਹੈ
**C.** ਤਿੰਨ ਨੰਬਰ (ਸਟਰੀਟ) 11:1 ਦੇ ਹਿਸਾਬ ਨਾਲ ਪੈਸੇ ਦਿੰਦਾ ਹੈ
**D.** ਚਾਰ ਨੰਬਰ (ਕੌਰਨਰ) 8:1 ਦੇ ਹਿਸਾਬ ਨਾਲ ਪੈਸੇ ਦਿੰਦਾ ਹੈ
**E.** ਪੰਜ ਨੰਬਰ (ਪੰਜ ਲਾਈਨਾਂ) 6:1 ਦੇ ਹਿਸਾਬ ਨਾਲ ਪੈਸੇ ਦਿੰਦਾ ਹੈ
**F.** ਛੇ ਨੰਬਰ (ਛੇ ਲਾਈਨਾਂ) 5:1 ਦੇ ਹਿਸਾਬ ਨਾਲ ਪੈਸੇ ਦਿੰਦਾ ਹੈ

**ਬਾਹਰੀ ਸ਼ਰਤਾਂ (ਬੈੱਟਾਂ):**

**G.** ਦਰਜਨ 2:1 ਦੇ ਹਿਸਾਬ ਨਾਲ ਪੈਸੇ
**H.** ਕੌਲਮ 2:1 ਦੇ ਹਿਸਾਬ ਨਾਲ ਪੈਸੇ
**I.** 1 ਤੋਂ 18 ਜਾਂ 19 ਤੋਂ 36 ਬਰਾਬਰ ਦੇ ਹਿਸਾਬ ਨਾਲ ਪੈਸੇ
**J.** ਔਡ ਜਾਂ ਈਵਨ ਨੰਬਰ ਬਰਾਬਰ ਦੇ ਹਿਸਾਬ ਨਾਲ ਪੈਸੇ
**K.** ਲਾਲ ਜਾਂ ਕਾਲੇ ਨੰਬਰ ਬਰਾਬਰ ਦੇ ਹਿਸਾਬ ਨਾਲ ਪੈਸੇ




**ਟੱਚਬੈੱਟ ਰੁਲੈੱਟ:** ਟੱਚ ਸਕਰੀਨ ਟਰਮੀਨਲ ਦੀ ਵਰਤੋਂ ਨਾਲ ਤੁਸੀਂ ਇਸ ਦੇਖੇ ਜਾ ਸਕਣ ਵਾਲੇ ਅਤੇ ਆਟੋਮੇਟਡ ਲਿੰਕ ਨਾਲ ਲਾਈਵ ਰੁਲੈੱਟ ਖੇਡ ਸਕਦੇ ਹੋ। ਰੁਲੈੱਟ ਟੇਬਲ ਦੇ ਉੱਪਰ ਕੈਮਰੇ ਲਾਏ ਹੁੰਦੇ ਹਨ ਅਤੇ ਲਾਈਵ ਐਕਸ਼ਨ ਸਕਰੀਨ ਤੇ ਦਿਖਾਈ ਦਿੰਦਾ ਹੈ।

ਖੇਡਣ ਵਾਸਤੇ ਟਰਮੀਨਲ ਵਿਚ ਬੈਂਕ ਦੇ ਨੋਟ ਪਾਓ। ਕਰੈਡਿੱਟਸ (ਚਿੱਪ) ਆਪਣੇ ਆਪ ਰਜਿਸਟਰ ਹੋ ਜਾਣਗੇ ਅਤੇ ਸਕਰੀਨ ਉੱਪਰ ਦਿਖਾਈ ਦੇਣਗੇ। ਜਦੋਂ ਸਕਰੀਨ ਉੱਪਰ ਹਰੇ ਰੰਗ ਦਾ ਸੰਦੇਸ਼ ਪਲੇਸ ਯੂਅਰ ਬੈੱਟ ਦਿਸੇ, ਸਕਰੀਨ ਨੂੰ ਉਸ ਥਾਂ ਤੇ ਟੱਚ ਕਰੋ ਜਿੱਥੇ ਤੁਸੀਂ ਬੈੱਟ ਕਰਨਾ ਚਾਹੁੰਦੇ ਹੋ – ਇਕ ਟੱਚ = ਇਕ ਚਿੱਪ, ਦੋ ਟੱਚ = ਦੋ ਚਿੱਪ ਆਦਿ। ਜਿੰਨੇ ਚਿੱਪ ਜਮ੍ਹਾਂ ਹੋਣਗੇ ਉਨ੍ਹਾਂ ਦੀ ਕੀਮਤ ਤੁਹਾਡੇ ਕਰੈਡਿੱਟ ਵਿਚੋਂ ਕੱਢ ਲਈ ਜਾਵੇਗੀ। ਆਪਣੇ ਚਿੱਪਾਂ ਦੀ ਕੀਮਤ ਵਧਾਉਣ ਲਈ ਟਰਮੀਨਲ ਦੇ ਥੱਲੇ 5 X ਜਾਂ 10 X ਨੂੰ ਦੱਬੋ।

ਲਾਈਵ ਟੇਬਲ ’ਤੇ ਡੀਲਰ ਬਾਲ ਨੂੰ ਘੁਮਾਉਂਦਾ ਹੈ। ਜਦੋਂ ਸਕਰੀਨ ਉੱਪਰ ‘ਹੋਰ ਬੈੱਟ ਨਹੀਂ’ ਚਮਕਦਾ ਹੈ ਤਾਂ ਉਸ ਤੋਂ ਬਾਅਦ ਉਸ ਗੇੜ੍ਹੇ ਦੌਰਾਨ ਚਿੱਪ ਬਦਲਣੇ, ਹੋਰ ਵਧਾਉਣੇ ਜਾਂ ਕੱਢਣੇ  ਸੰਭਵ ਨਹੀਂ ਹੁੰਦੇ। ਟਰਮੀਨਲ ਨੂੰ ਜ਼ਿੰਦਾ ਲੱਗ ਜਾਂਦਾ ਹੈ।

ਜੇਤੂ ਨੰਬਰ ਟਰਮੀਨਲ ’ਤੇ ਨੀਲੇ ਰੰਗ ਵਿਚ ਚਮਕਦਾ ਹੈ ਅਤੇ ਸਾਰੇ ਜੇਤੂ ਬੈੱਟ ਅਦਾ ਕਰ ਦਿੱਤੇ ਜਾਂਦੇ ਹਨ। ਤੁਸੀਂ ਜੋ ਜਿੱਤਿਆਂ ਹੁੰਦਾ ਹੈ ਉਹ ਤੁਹਾਡੇ ਕਰੈਡਿੱਟ ਵਿਚ ਜਮ੍ਹਾਂ ਕਰਨ ਤੋਂ ਪਹਿਲਾਂ ਵਿਨ ਬਾਕਸ ਵਿਚ ਦਿਖਾਇਆ ਜਾਂਦਾ ਹੈ। ਇਸ ਗੱਲ ਦਾ ਫੈਸਲਾ ਕਰੋ ਕਿ ਤੁਸੀਂ ਆਪਣੀ ਜਿੱਤੀ ਰਕਮ ਲੈਣੀ ਹੈ ਜਾਂ ਹੋਰ ਖੇਡਣਾ ਹੈ। ਜਿੱਤੇ ਪੈਸੇ ਲੈਣ ਲਈ ਕੈਸ਼ ਬਟਨ ਨੂੰ ਦਬਾਓ। ਇਕ ਰਸੀਦ ਦਿੱਤੀ ਜਾਂਦੀ ਹੈ ਜਿਹੜੀ ਤੁਸੀਂ ਲੈ ਜਾ ਕੇ ਕੈਸ਼ ਡਿਸਕ ਤੋਂ ਨਕਦ ਵਿਚ ਬਦਲਵਾ ਸਕਦੇ ਹੋ।

**ਮੇਜ਼ ’ਤੇ ਖੇਡਣ ਵਾਲੀਆਂ ਹੋਰ ਖੇਡਾਂ ਬਾਰੇ ਜਾਨਣ ਲਈ ਡੀਲਰ ਸੁਪਰਵਾਈਜ਼ਰ ਨੂੰ ਪੁੱਛੋ, ਇਸ ਜਗ੍ਹਾ ਦੇ ਗੇਮਸੈਂਸ ਇਨਫੋ ਸੈਂਟਰ ’ਤੇ ਜਾਵੋ ਜਾਂ ਏਥੇ ਦੇਖੋ : www.bclc.com**

Roulette [Punjabi] 07/12

bclc playing it right

GameSense

engage your GameSense.ca